ਬੇਨਤੀ ਨੰ: | | - | | (ਕੇਵਲ ਅਧਿਕਾਰਿਕ ਵਰਤੋਂ ਲਈ)

# ਕਮਿਊਨਿਟੀ ਕੇਅਰ ਫੰਡ ਡਿਜੀਟਲ ਟੈਲੀਵਿਜ਼ਨ ਸਹਾਇਤਾ ਪ੍ਰੋਗਰਾਮ (ਪ੍ਰੋਗਰਾਮ)
# ਬੇਨਤੀ ਫਾਰਮ

ਇਸ ਬੇਨਤੀ ਫਾਰਮ ਨੂੰ ਭਰਨ ਤੋਂ ਪਹਿਲਾਂ ਕਿਰਪਾ ਕਰਕੇ "ਕਮਿਊਨਿਟੀ ਕੇਅਰ ਫੰਡ ਡਿਜੀਟਲ ਟੈਲੀਵਿਜ਼ਨ ਸਹਾਇਤਾ ਪ੍ਰੋਗਰਾਮ ਦੇ ਤਹਿਤ ਬੇਨਤੀਆਂ ਲਈ ਮਾਰਗਦਰਸ਼ਕ ਨੋਟਸ" ਧਿਆਨ ਨਾਲ ਪੜ੍ਹੋ। ਕਿਰਪਾ ਕਰਕੇ ਸੰਬੰਧਿਤ ਬਾਕਸ(ਜ਼) ☐ ਵਿੱਚ ਟਿੱਕ (✓) ਲਗਾਓ। ਇਸ ਬੇਨਤੀ ਫਾਰਮ ਤੇ ਕੀਤੀ ਗਈ ਕੋਈ ਵੀ ਸੋਧ 'ਤੇ ਬਿਨੈਕਾਰ ਦੁਆਰਾ ਪੁਸ਼ਟੀਕਰਣ ਦੇ ਤੌਰ 'ਤੇ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ। ਕਿਰਪਾ ਕਰਕੇ ਬਿਨੈਕਾਰ ਦੇ ਹਾਂਗ ਕਾਂਗ ਦੇ ਪਛਾਣ ਪੱਤਰ ਦੀ ਇੱਕ ਕਾਪੀ ਨਾਲ ਬੇਨਤੀ ਫਾਰਮ ਜਮ੍ਹਾਂ ਕਰਾਓ।

## ਭਾਗ 1 ਯੋਗਤਾ ਮਾਪਦੰਡ (ਪ੍ਰੋਗਰਾਮ ਲਈ ਬਿਨੈ ਕਰਨ ਵਾਲੇ ਪਰਿਵਾਰਾਂ ਨੂੰ ਇਸ ਬੇਨਤੀ ਫਾਰਮ ਦੇ ਦੂਜੇ ਭਾਗਾਂ ਨੂੰ ਪੂਰਾ ਕਰਨ ਤੋਂ ਪਹਿਲਾਂ **ਹੇਠਾਂ ਦਿੱਤੇ ਦੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨਾ** ਲਾਜ਼ਮੀ ਹੈ।)

1. ਬੇਨਤੀ ਕਰਨ ਵਾਲਾ ਪਰਿਵਾਰ ਇੱਕ ਐਨਾਲਾਗ ਟੈਲੀਵੀਜ਼ਨ (ਟੀ.ਵੀ.) ਪਰਿਵਾਰ ਹੈ, ਅਰਥਾਤ ਉਹ ਪਰਿਵਾਰ ਜੋ ਆਪਣੀ ਰਿਹਾਇਸ਼ (ਭਾਗ 2 ਵਿੱਚ ਦਿੱਤਾ ਗਿਆ ਰਿਹਾਇਸ਼ੀ ਪਤਾ) 'ਤੇ **ਐਨਾਲਾਗ ਟੀਵੀ ਸੈੱਟ ਦੀ ਵਰਤੋਂ** ਕਰਦਾ ਹੈ ਅਤੇ ਜਿਸ ਕੋਲ ਕੋਈ ਡਿਜੀਟਲ ਟੀਵੀ ਸੈਟ ਜਾਂ ਡਿਜੀਟਲ ਸੈੱਟ-ਟਾਪ ਬਾਕਸ ਨਹੀਂ ਹੈ; ਅਤੇ ☑ਹਾਂ

2. ਅਰਜ਼ੀ ਦੇਣ ਵਾਲਾ ਪਰਿਵਾਰ ਜੋ **ਪ੍ਰੋਗਰਾਮ ਦੀ ਆਮਦਨੀ ਯੋਗਤਾ ਨੂੰ ਪੂਰਾ ਕਰਦਾ ਹੈ**, ਅਰਥਾਤ ਹੇਠਾਂ ਦਿੱਤੀ ਇਕਾਈ (a) ਜਾਂ (b) –
   (a) ਬਿਨੈਕਾਰ ਅਤੇ/ਜਾਂ ਪਰਿਵਾਰ ਦਾ(ਦੇ) ਮੈਂਬਰ ਜੋ ਇੱਕੋ ਇਮਾਰਤ ਵਿੱਚ ਰਹਿ ਰਿਹਾ ਹੈ (ਰਹੇ ਹਨ)/ਹੇਠਾਂ ਦਿੱਤਿਆਂ ਵਿੱਚੋਂ ਕਿਸੇ ਇੱਕ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਤੋਂ ਲਾਭ ਪ੍ਰਾਪਤ ਕਰ ਰਿਹਾ ਹੈ (ਰਹੇ ਹਨ)[1]–
      (i) ਵਿਆਪਕ ਸਮਾਜਿਕ ਸੁਰੱਖਿਆ ਸਹ... ☐ਹਾਂ
      (ii) ਬੁਢਾਪੇ ਵਿੱਚ ਜੀਵਿਕਾ ਭੱਤਾ (ਸਿਰ... ...ਦੇ ਹਨ, ਲਈ ਲਾਗੂ ਹੈ); ਜਾਂ ☐ਹਾਂ
      (iii) ਵਰਕਿੰਗ ਪਰਿਵਾਰ ਭੱਤਾ ਯੋਜਨਾ[2]; ☑ਹਾਂ
      (iv) ਆਲ ਮੀਨਜ਼-ਟੈਸਟਡ ਵਿਦਿਆਰਥੀ ਵਿੱਤੀ ਸਹਾਇਤਾ ਯੋਜਨਾਵਾਂ[3]; ਜਾਂ ☐ਹਾਂ
      (v) ਜਨਤਕ ਹਸਪਤਾਲਾਂ ਅਤੇ ਕਲੀਨਿਕਾਂ ਦੀ ਮੈਡੀਕਲ ਫੀਸ ਮੁਆਫੀ ਵਿਧੀ; ਜਾਂ

   ਜੇ ਇੱਕੋ ਇਮਾਰਤ ਵਿੱਚ ਰਹਿ ਰਿਹਾ (ਰਹੇ) ਬਿਨੈਕਾਰ ਅਤੇ/ਜਾਂ ਪਰਿਵਾਰਿਕ ਮੈਂਬਰ ਨਿਰਧਾਰਿਤ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਵਿੱਚੋਂ ਇੱਕ ਤੋਂ ਜ਼ਿਆਦਾ ਤੋਂ ਲਾਭ ਲੈ ਰਹੇ ਹਨ ਤਾਂ ਬਿਨੈਕਾਰ ਨੂੰ ਆਈਟਮ 2(a) ਵਿੱਚ ਉਹਨਾਂ ਵਿੱਚੋਂ ਕੇਵਲ ਇੱਕ ਨੂੰ ਰਿਪੋਰਟ ਕਰਨ ਦੀ ਲੋੜ ਹੈ।

   (b) ਬੇਨਤੀ ਕਰਨ ਵਾਲੇ ਪਰਿਵਾਰ ਦੀ ਪਿਛਲੇ ਤਿੰਨ ਮਹੀਨਿਆਂ ਵਿਚ ਔਸਤਨ ਮਹੀਨਾਵਾਰ ਆਮਦਨੀ ਹੈ: HK$ __________, ਜੋ **ਨਿਰਧਾਰਤ ਆਮਦਨੀ ਸੀਮਾ ਤੋਂ ਵਧਦੀ ਨਹੀਂ ਹੈ** – ☐ਹਾਂ

   ☐ ਇੱਕ-ਵਿਅਕਤੀ ਵਾਲਾ ਪਰਿਵਾਰ ($14,300)
   ☐ ਚਾਰ-ਵਿਅਕਤੀਆਂ ਵਾਲਾ ਪਰਿਵਾਰ ($32,400) ...0)

   ਜੇ ਇੱਕੋ ਇਮਾਰਤ ਵਿੱਚ ਰਹਿ ਰਿਹਾ (ਰਹੇ) ਬਿਨੈਕਾਰ ਅਤੇ/ਜਾਂ ਪਰਿਵਾਰਿਕ ਮੈਂਬਰ ਆਈਟਮ 2(a) ਵਿੱਚ ਸੂਚੀਬੱਧ ਨਿਰਧਾਰਿਤ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਤੋਂ ਲਾਭ ਨਹੀਂ ਲੈ ਰਹੇ ਹਨ ਤਾਂ ਕਿਰਪਾ ਕਰਕੇ ਆਈਟਮ 2(b) ਨੂੰ ਪੂਰਾ ਕਰੋ ਅਤੇ ਉਚਿਤ ਬਾਕਸ(ਜ਼)☐ ਵਿੱਚ ਟਿੱਕ (✓) ਲਗਾਓ।

## ਭਾਗ 2 ਬਿਨੈਕਾਰ ਦੇ ਵਿਅਕਤੀਗਤ ਵੇਰਵੇ (ਬਿਨੈਕਾਰ ਲਾਜ਼ਮੀ ਤੌਰ 'ਤੇ **ਹਾਂਗ ਕਾਂਗ ਦਾ ਵਸਨੀਕ** ਹੋਣਾ ਚਾਹੀਦਾ ਹੈ ਅਤੇ ਬੇਨਤੀ ਕਰਨ ਦੀ ਮਿਤੀ 'ਤੇ **ਉਸ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ।**)

ਨਾਮ: ਮੈਕ ਸਿਉ ਲਿੰਗ ਹਾਂਗ ਕਾਂਗ ਸੰਪਰਕ ਟੈਲੀਫੋਨ ਨੰ.: 12345678

ਹਾਂਗ ਕਾਂਗ ਪਛਾਣ ਪੱਤਰ ਨੰ.: | K | 1 | 2 | 3 | 4 | 5 | 6 | ( 7 )

ਨੱਥੀ ਕੀਤਾ ਹਾਂਗ ਕਾਂਗ ਦਾ ਪਛਾਣ ਪੱਤਰ: ☑ਹਾਂ

ਹਾਂਗ ਕਾਂਗ ਰਿਹਾਇਸ਼ੀ ਪਤਾ (ਡਿਲੀਵਰੀ ਲਈ):

☑ ਹਾਂਗ ਕਾਂਗ ਆਈਲੈਂਡ ☐ਕੋਲੂਨ ☐ਨਵਾਂ ਪ੍ਰਦੇਸ਼ ਜ਼ਿਲ੍ਹਾ ਸਾਊਥ

ਗਲੀ ਹੈਪੀ ਸਟ੍ਰੀਟ ਨੰ. 13 ਅਸਟੇਟ/ਪਿੰਡ ਜੋਏਫੁੱਲ ਇਸਟੇਟ

ਬਿਲਡਿੰਗ/ਬਲਾਕ/ਘਰ ਦਾ ਨਾਮ ਚੀਅਰਫੁੱਲ ਹਾਉਸ ਮੰਜ਼ਿਲ 13 ਫਲੈਟ 14

ਪੱਤਰ ਵਿਹਾਰ ਪਤਾ (ਜੇ ਉਪਰੋਕਤ ਰਿਹਾਇਸ਼ੀ ਪਤੇ ਤੋਂ ਵੱਖਰਾ ਹੈ, ਤਾਂ ਕਿਰਪਾ ਕਰਕੇ ਲਿਖੋ):

______________________________

## ਭਾਗ 3 ਇੱਕੋ ਇਮਾਰਤ ਵਿੱਚ ਬਿਨੈਕਾਰ ਦੇ ਨਾਲ ਰਹਿਣ ਵਾਲੇ ਪਰਿਵਾਰ ਦੇ ਮੈਂਬਰ (ਮੈਂਬਰਾਂ) ਦਾ ਵੇਰਵਾ[4]

ਮੈਂ ਭਾਗ 2 ਵਿੱਚ ਦੱਸੇ ਰਿਹਾਇਸ਼ੀ ਪਤੇ 'ਤੇ ਇੱਕੋ ਇਮਾਰਤ ਵਿੱਚ ਪਰਿਵਾਰ ਦੇ 1 ਮੈਂਬਰ (ਮੈਂਬਰਾਂ) ਦੇ ਨਾਲ ਰਹਿੰਦਾ/ਰਹਿੰਦੀ ਹਾਂ। ਪਰਿਵਾਰ ਦੇ ਮੈਂਬਰ (ਮੈਂਬਰਾਂ) ਦਾ (ਦੇ) ਨਾਮ ਹੇਠ ਦਿੱਤੇ ਅਨੁਸਾਰ ਹੈ/ਹਨ:

(1) ਚੈਨ ਟਾਈ ਮਿੰਗ

(4) ______________ (5) ______________

ਰਿਪੋਰਟ ਕੀਤੀ ਗਈ ਇੱਕੋ ਇਮਾਰਤ ਵਿੱਚ ਰਹਿ ਰਿਹਾ(ਰਹੇ) ਪਰਿਵਾਰਿਕ ਮੈਂਬਰ(ਮੈਂਬਰਾਂ) ਦੀ ਸੰਖਿਆ ਰਿਪੋਰਟ ਕੀਤੇ ਪਰਿਵਾਰਿਕ ਮੈਂਬਰ(ਮੈਂਬਰਾਂ) ਦੇ ਨਾਮ(ਨਾਮਾਂ) ਦੇ ਬਰਾਬਰ ਹੋਣੀ ਚਾਹੀਦੀ ਹੈ।

---

1 ਜੇ ਬਿਨੈਕਾਰ ਅਤੇ/ਜਾਂ ਇੱਕੋ ਇਮਾਰਤ ਵਿੱਚ ਰਹਿ ਰਹੇ ਪਰਿਵਾਰ ਦਾ (ਦੇ) ਮੈਂਬਰ ਨਿਰਧਾਰਤ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਵਿੱਚੋਂ ਇੱਕ ਤੋਂ ਵੱਧ ਦਾ ਲਾਭ ਲੈ ਰਿਹਾ ਹੈ/ਰਹੇ ਹਨ, ਤਾਂ ਬਿਨੈਕਾਰ ਨੂੰ ਉਹਨਾਂ ਵਿੱਚੋਂ ਸਿਰਫ ਇੱਕ ਨੂੰ ਰਿਪੋਰਟ ਕਰਨਾ ਲਾਜ਼ਮੀ ਹੈ।

2 ਕਾਰਜਕਾਰੀ ਪਰਿਵਾਰ ਭੱਤਾ ਯੋਜਨਾ ਦੀ ਅਰਜ਼ੀ ਦੇ ਨਤੀਜਿਆਂ ਦੀ ਸੂਚਨਾ ਜਾਰੀ ਹੋਣ ਦੀ ਮਿਤੀ ਤੋਂ 18 ਮਹੀਨਿਆਂ ਦੇ ਅੰਦਰ ਅੰਦਰ ਵੈਧ ਹੈ।

3 ਤੀਸਰੀ ਵਿਦਿਆਰਥੀ ਵਿੱਤ ਯੋਜਨਾ - ਜਨਤਕ ਤੌਰ 'ਤੇ ਫੰਡ ਪ੍ਰਾਪਤ ਪ੍ਰੋਗਰਾਮ, ਸੈਕੰਡਰੀ ਤੋਂ ਬਾਅਦ ਦੇ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਯੋਜਨਾ, ਡਿਪਲੋਮਾ ਯੀ ਜਿਨ ਲਈ ਟਿਊਸ਼ਨ ਫੀਸ ਦੀ ਮੁੜ ਅਦਾਇਗੀ (ਭੁਗਤਾਨ ਕੀਤੀ ਗਈ ਟਿਊਸ਼ਨ ਫੀਸ ਦਾ 100% ਜਾਂ 50% ਮੁੜ-ਭੁਗਤਾਨ), ਡੇਜ਼ਿਗਨੇਟਿਡ ਈਵਨਿੰਗ ਬਾਲਗ ਸਿੱਖਿਆ ਕੋਰਸਾਂ ਲਈ ਵਿੱਤੀ ਸਹਾਇਤਾ ਯੋਜਨਾ (ਭੁਗਤਾਨ ਕੀਤੀ ਟਿਊਸ਼ਨ ਫੀਸ ਦਾ 100% ਜਾਂ 50% ਮੁੜ-ਭੁਗਤਾਨ), ਸਕੂਲ ਪਾਠ ਪੁਸਤਕ ਸਹਾਇਤਾ ਯੋਜਨਾ, ਵਿਦਿਆਰਥੀ ਯਾਤਰਾ ਸਬਸਿਡੀ ਸਕੀਮ, ਇੰਟਰਨੈੱਟ ਤੱਕ ਪਹੁੰਚ ਲਈ ਖਰਚਿਆਂ ਲਈ ਸਬਸਿਡੀ ਸਕੀਮ, ਪ੍ਰੀਖਿਆ ਫੀਸ ਰਿਮਿਸ਼ਨ ਸਕੀਮ, ਕਿੰਡਰਗਾਰਟਨ ਅਤੇ ਚਾਈਲਡ ਕੇਅਰ ਸੈਂਟਰ ਫੀਸ ਰਿਮਿਸ਼ਨ ਸਕੀਮ, ਅਤੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਸਕੂਲ ਨਾਲ ਸੰਬੰਧਿਤ ਖਰਚਿਆਂ ਲਈ ਗ੍ਰਾਂਟ ਸਮੇਤ।

4 ਬਿਨੈਕਾਰ ਨੂੰ ਭਾਗ 3 ਵਿੱਚ ਹੋਂਗ ਕਾਂਗ ਵਿੱਚ ਇੱਕੋ ਇਮਾਰਤ ਵਿੱਚ ਰਹਿੰਦੇ ਅਤੇ ਪਰਿਵਾਰਕ ਮੈਂਬਰਾਂ ਦੇ ਤੌਰ 'ਤੇ ਨੇੜਲੇ ਆਰਥਿਕ ਸੰਬੰਧ ਵਾਲੇ ਸਾਰੇ ਵਿਅਕਤੀਆਂ ਦੀ ਜਾਣਕਾਰੀ ਦੇਣੀ ਚਾਹੀਦੀ ਹੈ। ਪਰਿਵਾਰਕ ਮੈਂਬਰ ਜੋ ਅਸਥਾਈ ਤੌਰ 'ਤੇ ਇਮਾਰਤ ਤੋਂ ਦੂਰ ਹਨ ਪਰ ਵਾਜਬ ਤਰੀਕੇ ਨਾਲ ਉਹਨਾਂ ਦੇ ਵਾਪਸ ਆਉਣ ਦੀ ਉਮੀਦ ਹੈ ਅਜੇ ਵੀ ਉਨ੍ਹਾਂ ਨੂੰ ਪਰਿਵਾਰਕ ਮੈਂਬਰ ਮੰਨਿਆ ਜਾਵੇਗਾ। ਵੇਰਵਿਆਂ ਲਈ ਕਿਰਪਾ ਕਰਕੇ "ਕਮਿਊਨਿਟੀ ਕੇਅਰ ਫੰਡ ਡਿਜੀਟਲ ਟੈਲੀਵੀਜ਼ਨ ਸਹਾਇਤਾ ਪ੍ਰੋਗਰਾਮ ਅਧੀਨ ਬੇਨਤੀਆਂ ਲਈ ਮਾਰਗਦਰਸ਼ਨ ਨੋਟਸ" ਦੇ ਸੈਕਸ਼ਨ 2.2 ਨੂੰ ਦੇਖੋ।

## ਭਾਗ 4 **ਡਿਜੀਟਲ ਟੀਵੀ ਰਿਸੀਵਰ**

ਮੈਂ ਹੇਠਾਂ ਦਿੱਤੇ ਡਿਜੀਟਲ ਟੀਵੀ ਰਿਸੀਵਰ ਲਈ ਅਰਜ਼ੀ ਦੇਣਾ ਚਾਹੁੰਦਾ/ਚਾਹੁੰਦੀ ਹਾਂ (ਇੱਕ ਪਰਿਵਾਰ **ਇਹਨਾਂ ਵਿੱਚੋਂ ਸਿਰਫ ਇੱਕ ਨੂੰ ਚੁਣ ਸਕਦਾ ਹੈ**) –

☐ਡਿਜੀਟਲ ਸੈੱਟ-ਟਾਪ ਬਾਕਸ ☐24-ਇੰਚ ਡਿਜੀਟਲ ਟੀਵੀ ਸੈੱਟ ☑32-ਇੰਚ ਡਿਜੀਟਲ ਟੀਵੀ ਸੈੱਟ

**【ਨੋਟ ਕਰਨ ਵਾਲੇ ਬਿੰਦੂ】**

- ਜੇ ਕੋਈ ਡਿਜੀਟਲ ਟੀਵੀ ਸੈੱਟ ਚੁਣਿਆ ਜਾਂਦਾ ਹੈ, ਤਾਂ ਹਾਂਗ ਕਾਂਗ ਕੌਂਸਲ ਆਫ਼ ਸੋਸ਼ਲ ਸਰਵਿਸ ਦਾ ਠੇਕੇਦਾਰ ਬਿਨੈਕਾਰ ਤੋਂ ਇੱਕ ਐਨਾਲਾਗ ਟੀਵੀ ਸੈੱਟ ਲਵੇਗਾ। **ਇਸ ਤਰ੍ਹਾਂ ਲਿਆ ਗਿਆ ਐਨਾਲਾਗ ਟੀਵੀ ਸੈੱਟ ਵਾਪਸ ਨਹੀਂ ਕੀਤਾ ਜਾਵੇਗਾ।**
- ਡਿਜੀਟਲ ਟੀਵੀ ਰਿਸੀਵਰ ਹਾਂਗ ਕਾਂਗ ਕੌਂਸਲ ਆਫ਼ ਸੋਸ਼ਲ ਸਰਵਿਸ ਦੇ ਠੇਕੇਦਾਰ ਦੁਆਰਾ ਸਪਲਾਈ ਕੀਤਾ ਜਾਂਦਾ ਹੈ। ਬਿਨੈਕਾਰ ਨੂੰ ਕਿਸੇ ਵਿਸ਼ੇਸ਼ ਬ੍ਰਾਂਡ ਅਤੇ ਮਾਡਲ ਨੂੰ ਚੁਣਨ ਦੀ ਆਗਿਆ ਨਹੀਂ ਹੈ।
- ਬਿਨੈਕਾਰ ਬਿਨੈ-ਪੱਤਰ ਜਮ੍ਹਾਂ ਕਰਨ ਤੋਂ ਬਾਅਦ ਚੁਣੇ ਗਏ ਡਿਜੀਟਲ ਟੀਵੀ ਰਿਸੀਵਰ ਨੂੰ ਬਦਲ ਨਹੀਂ ਸਕਦਾ ਹੈ।

## ਭਾਗ 5 **ਬਿਨੈਕਾਰ ਦੁਆਰਾ ਘੋਸ਼ਣਾ ਅਤੇ ਅੰਡਰਟੇਕਿੰਗ**

1. ਮੈਂ, "ਕਮਿਊਨਿਟੀ ਕੇਅਰ ਫੰਡ ਡਿਜਿਟਲ ਟੈਲੀਵਿਜ਼ਨ ਸਹਾਇਤਾ ਪ੍ਰੋਗਰਾਮ" ਦਾ ਬਿਨੈਕਾਰ, ਘੋਸ਼ਣਾ ਕਰਦਾ/ਕਰਦੀ ਹਾਂ ਕਿ ਇਸ ਬਿਨੈ-ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਅਤੇ ਪ੍ਰੋਗਰਾਮ ਦੇ ਅਧੀਨ ਜਮ੍ਹਾਂ ਕੀਤੀ/ਜਮ੍ਹਾਂ ਕੀਤੀ ਜਾਣ ਵਾਲੀ ਹੋਰ ਜਾਣਕਾਰੀ **ਸਹੀ ਹੈ**। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਪ੍ਰੋਗਰਾਮ ਦੇ ਤਹਿਤ ਸਹਾਇਤਾ ਪ੍ਰਾਪਤ ਕਰਨ ਲਈ ਜੇ ਮੈਂ ਜਾਣ ਬੁੱਝ ਕੇ ਕੋਈ ਗਲਤ ਬਿਆਨ ਦਿੰਦਾ/ਦਿੰਦੀ ਹਾਂ ਜਾਂ ਕਿਸੇ ਜਾਣਕਾਰੀ ਨੂੰ ਛੁਪਾਉਂਦਾ/ਛੁਪਾਉਂਦੀ ਹਾਂ ਜਾਂ ਹੋਰ ਤਰੀਕਿਆਂ ਨਾਲ ਗੁੰਮਰਾਹਕੁੰਨ ਤਰੀਕੇ ਨਾਲ ਕੰਮ ਕਰਦਾ/ਕਰਦੀ ਹਾਂ, ਤਾਂ ਮੇਰੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਧੋਖੇ ਨਾਲ ਇਸ ਪ੍ਰੋਗਰਾਮ ਅਧੀਨ ਸਹਾਇਤਾ ਪ੍ਰਾਪਤ ਕਰਨ ਲਈ ਜਾਣਬੁੱਝ ਕੇ ਗਲਤ ਜਾਣਕਾਰੀ ਦੇਣਾ ਜਾਂ ਜਾਣਕਾਰੀ ਛੁਪਾਉਣਾ ਇੱਕ ਫੌਜਦਾਰੀ ਅਪਰਾਧ ਹੈ। ਪ੍ਰੋਗਰਾਮ ਲਈ ਅਯੋਗ ਹੋਣ ਦੇ ਨਤੀਜੇ ਦੇ ਨਾਲ-ਨਾਲ, ਮੇਰੇ ਤੇ ਚੋਰੀ ਆਰਡੀਨੈਂਸ (ਕੈਪ. 210) ਜਾਂ ਹੋਰ ਸੰਬੰਧਿਤ ਕਾਨੂੰਨ ਦੀ ਉਲੰਘਣਾ ਕਰਨ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ। **ਅਪਰਾਧ ਸਾਬਿਤ ਹੋਣ 'ਤੇ, ਮੈਨੂੰ ਵੱਧ ਤੋਂ ਵੱਧ 14 ਸਾਲਾਂ ਲਈ ਕੈਦ ਦੀ ਸਜ਼ਾ ਹੋ ਸਕਦੀ ਹੈ।**
2. ਮੈਂ ਅਤੇ ਪਰਿਵਾਰਕ ਮੈਂਬਰ (ਮੈਂਬਰਾਂ) ਜਿਨ੍ਹਾਂ ਬਾਰੇ ਮੈਂ ਇਸ ਬਿਨੈ-ਪੱਤਰ ਫਾਰਮ ਵਿੱਚ ਰਿਪੋਰਟ ਕੀਤਾ ਹੈ (ਜੇ ਲਾਗੂ ਹੁੰਦਾ ਹੈ), "ਕਮਿਊਨਿਟੀ ਕੇਅਰ ਫੰਡ ਡਿਜਿਟਲ ਟੈਲੀਵਿਜ਼ਨ ਸਹਾਇਤਾ ਪ੍ਰੋਗਰਾਮ ਅਧੀਨ ਅਰਜ਼ੀਆਂ ਲਈ ਮਾਰਗਦਰਸ਼ਕ ਨੋਟਸ" ਅਤੇ ਅਨੁਬੰਧ ਵਿੱਚ "ਵਿਅਕਤੀਗਤ ਜਾਣਕਾਰੀ ਇਕੱਤਰ ਕਰਨ ਦੇ ਬਿਆਨ" ਨੂੰ ਪੜ੍ਹ ਲਿਆ ਹੈ। ਮੈਂ ਅਤੇ ਮੇਰੇ ਪਰਿਵਾਰ ਦਾ (ਦੇ) ਮੈਂਬਰ ਪ੍ਰੋਗਰਾਮ ਦੇ ਅਧੀਨ ਕਾਰਜ ਸੰਬੰਧੀ ਪ੍ਰਬੰਧਾਂ ਨੂੰ ਸਮਝਦੇ ਹਾਂ ਅਤੇ ਉਕਤ ਦਸਤਾਵੇਜ਼ (ਜ਼ਾਂ) ਵਿੱਚ ਦਿੱਤੀਆਂ ਸਾਰੀਆਂ ਲੋੜਾਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ।
3. ਮੈਂ ਸਮਝਦਾ/ਸਮਝਦੀ ਹਾਂ ਕਿ ਪ੍ਰੋਗਰਾਮ ਦੇ ਤਹਿਤ ਬੇਨਤੀਆਂ ਘਰੇਲੂ ਅਧਾਰ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਅਤੇ ਸਾਰੇ ਪਰਿਵਾਰਕ ਮੈਂਬਰ ਹਾਂਗ ਕਾਂਗ ਦੇ ਵਸਨੀਕ ਹੋਣੇ ਚਾਹੀਦੇ ਹਨ। ਮੇਰਾ (ਮੇਰੇ) ਪਰਿਵਾਰਕ ਮੈਂਬਰ (ਜੇ ਕੋਈ ਹਨ) ਇਸ ਲਈ ਸਹਿਮਤ ਹੋ ਗਿਆ ਹੈ (ਗਏ ਹਨ) ਕਿ ਮੈਂ ਉਨ੍ਹਾਂ ਦੀ ਥਾਂ ਤੇ ਬਿਨੈ-ਪੱਤਰ ਜਮ੍ਹਾਂ ਕਰਵਾਂਉਂਗਾ/ਕਰਵਾਂਉਂਗੀ।
4. ਮੈਂ ਸਮਝਦਾ/ਸਮਝਦੀ ਹਾਂ ਕਿ ਪ੍ਰੋਗਰਾਮ ਅਧੀਨ ਸਹਾਇਤਾ ਇੱਕ-ਵਾਰਗੀ ਹੈ। ਹਰੇਕ ਯੋਗ ਪਰਿਵਾਰ ਨੂੰ ਸਿਰਫ ਇੱਕ ਡਿਜੀਟਲ ਟੀਵੀ ਰਿਸੀਵਰ ਦਿੱਤਾ ਜਾਵੇਗਾ। ਜਿਨ੍ਹਾਂ ਪਰਿਵਾਰਾਂ ਨੇ ਸਹਾਇਤਾ ਪ੍ਰਾਪਤ ਕੀਤੀ ਹੈ, ਉਹਨਾਂ ਨੂੰ ਪ੍ਰੋਗਰਾਮ ਦੇ ਤਹਿਤ ਦੁਬਾਰਾ ਸਹਾਇਤਾ ਨਹੀਂ ਦਿੱਤੀ ਜਾਏਗੀ।
5. ਮੈਂ ਸਮਝਦਾ/ਸਮਝਦੀ ਹਾਂ ਅਤੇ ਇਸ ਲਈ ਸਹਿਮਤ ਹਾਂ ਕਿ ਹਾਂਗ ਕਾਂਗ ਕੌਂਸਲ ਆਫ਼ ਸੋਸ਼ਲ ਸਰਵਿਸ (ਐਚ.ਕੇ.ਸੀ.ਐੱਸ.ਐੱਸ.) ਦੇ ਏਜੰਟ/ਠੇਕੇਦਾਰ ਨੇ ਡਿਜੀਟਲ ਟੀਵੀ ਰਿਸੀਵਰ ਲਗਾਉਣ ਤੋਂ ਪਹਿਲਾਂ ਇੱਕ ਐਨਾਲਾਗ ਟੀਵੀ ਪਰਿਵਾਰ ਦੇ ਤੌਰ 'ਤੇ ਮੇਰੇ ਪਰਿਵਾਰ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਘਰ ਆਉਣਾ ਹੈ। ਜਿਨ੍ਹਾਂ ਘਰਾਂ ਦੀ ਯੋਗਤਾ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਉਹਨਾਂ ਨੂੰ ਪ੍ਰੋਗਰਾਮ ਲਈ ਅਯੋਗ ਮੰਨਿਆ ਜਾਵੇਗਾ, ਅਤੇ ਉਹਨਾਂ ਨੂੰ ਕੋਈ ਵੀ ਡੀਜੀਵੀਟਲ ਰਿਸੀਵਰ ਅਤੇ ਸੰਬੰਧਿਤ ਸੇਵਾਵਾਂ ਨਹੀਂ ਦਿੱਤੀਆਂ ਜਾਣਗੀਆਂ।
6. ਮੈਂ ਸਮਝਦਾ/ਸਮਝਦੀ ਹਾਂ ਅਤੇ ਇਸ ਲਈ ਸਹਿਮਤ ਹਾਂ ਕਿ ਜੇ ਮੈਂ ਇਸ ਪ੍ਰੋਗਰਾਮ (ਇਸ ਬੇਨਤੀ ਫਾਰਮ ਦੇ ਭਾਗ 4) ਦੇ ਅਧੀਨ **ਇੱਕ ਡਿਜੀਟਲ ਟੀਵੀ ਸੈੱਟ ਚੁਣਦਾ/ਚੁਣਦੀ ਹਾਂ**, ਤਾਂ ਐਚ.ਕੇ.ਸੀ.ਐੱਸ.ਐੱਸ. ਦਾ ਏਜੰਟ / ਠੇਕੇਦਾਰ ਮੇਰੇ ਲਈ ਡਿਜੀਟਲ ਟੀਵੀ ਸੈੱਟ ਲਗਾਉਣ ਤੋਂ **ਤੁਰੰਤ ਬਾਅਦ ਮੇਰੇ ਘਰ ਦਾ ਐਨਾਲਾਗ ਟੀਵੀ ਸੈੱਟ ਲਵੇਗਾ। ਇਸ ਤਰ੍ਹਾਂ ਲਿਆ ਗਿਆ ਐਨਾਲਾਗ ਟੀਵੀ ਸੈੱਟ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤਾ ਜਾਵੇਗਾ।**
7. ਮੈਂ ਇਹ ਸਮਝਦਾ/ਸਮਝਦੀ ਹਾਂ ਅਤੇ ਇਸ ਲਈ ਸਹਿਮਤ ਹਾਂ ਕਿ ਜੇ, ਐਚ.ਕੇ.ਸੀ.ਐੱਸ.ਐੱਸ. ਦੇ ਠੇਕੇਦਾਰ ਨੇ ਜਾਂਚ ਕਰਨ ਜਾਂ ਡਿਜੀਟਲ ਟੀਵੀ ਰਿਸੀਵਰ ਦੀ ਡਿਲੀਵਰੀ ਲਈ ਮੇਰੇ ਘਰ ਆਉਣ ਲਈ ਮੇਰੇ ਨਾਲ ਮੁਲਾਕਾਤ ਨਿਰਧਾਰਿਤ ਕੀਤੀ ਹੈ ਅਤੇ ਮੈਂ ਇਸ ਲਈ ਇਨਕਾਰ ਕਰਦਾ/ਕਰਦੀ ਹਾਂ ਜਾਂ ਮੁਲਾਕਾਤ ਵਿੱਚ ਸ਼ਾਮਿਲ ਨਹੀਂ ਹੋ ਪਾਉਂਦਾ/ਪਾਉਂਦੀ ਜਾਂ ਇੱਕ ਕਾਰਜਕਾਰੀ ਦਿਨ ਪਹਿਲਾਂ ਇਸ ਮੁਲਾਕਾਤ ਨੂੰ ਮੁੜ ਨਿਰਧਾਰਿਤ ਕਰਨ ਵਿੱਚ ਅਸਫਲ ਰਹਿੰਦਾ/ਰਹਿੰਦੀ ਹਾਂ ਤਾਂ ਸੇਵਾਵਾਂ ਖਤਮ ਕੀਤੀਆਂ ਜਾ ਸਕਦੀਆਂ ਹਨ, ਅਤੇ/ਜਾਂ ਮੈਨੂੰ ਉਹ ਸਬਸਿਡੀ ਰਕਮ ਦਾ ਭੁਗਤਾਨ ਕਰਨ ਲਈ ਬੇਨਤੀ ਕੀਤੀ ਹੈ ਜਿਸ ਦਾ ਖਰਚ ਐਚ.ਕੇ.ਸੀ.ਐੱਸ.ਐੱਸ. ਦੇ ਠੇਕੇਦਾਰ ਦੁਆਰਾ ਮੈਨੂੰ ਅਤਿਰਿਕਤ ਆਨ-ਸਾਈਟ ਜਾਂਚ/ਡਿਲੀਵਰੀ ਸੇਵਾਵਾਂ ਦੇਣ ਕਾਰਨ ਪ੍ਰੋਗਰਾਮ ਦੇ ਤਹਿਤ ਕਮਿਊਨਿਟੀ ਕੇਅਰ ਫੰਡ (ਸੀ.ਸੀ.ਐੱਫ.) ਨੂੰ ਆਇਆ ਹੈ।
8. ਮੈਂ ਐਚ.ਕੇ.ਸੀ.ਐੱਸ.ਐੱਸ. ਅਤੇ ਇਸਦੇ ਏਜੰਟ/ਠੇਕੇਦਾਰ, ਗਰੀਬੀ ਬਾਰੇ ਕਮਿਸ਼ਨ ਦੀ ਸੀ.ਸੀ.ਐਫ. ਟਾਸਕ ਫੋਰਸ, ਸੀ.ਸੀ.ਐਫ. ਸਕੱਤਰੇਤ ਦੇ ਨਾਲ-ਨਾਲ ਹਾਂਗ ਕਾਂਗ ਦੇ ਵਿਸ਼ੇਸ਼ ਪ੍ਰਬੰਧਕੀ ਖੇਤਰ ਸਰਕਾਰ (ਸਰਕਾਰ) ਦੇ ਸੰਬੰਧਿਤ ਬਿਊਰੋ ਅਤੇ ਵਿਭਾਗਾਂ ਅਤੇ ਸੰਸਥਾਵਾਂ ਨੂੰ ਇਸ ਬੇਨਤੀ ਫਾਰਮ ਵਿੱਚ ਦਿੱਤੀ ਜਾਣਕਾਰੀ ਅਤੇ ਇਸ ਪ੍ਰੋਗਰਾਮ ਦੇ ਤਹਿਤ ਬੇਨਤੀ ਦੀ ਪ੍ਰੋਸੈਸਿੰਗ ਅਤੇ ਨਿਰੀਖਣ ਲਈ ਪ੍ਰੋਗਰਾਮ ਦੇ ਅਧੀਨ ਜਮ੍ਹਾਂ ਕੀਤੀ/ਕੀਤੀ ਜਾਣ ਵਾਲੀ ਹੋਰ ਜਾਣਕਾਰੀ ਦੀ ਵਰਤੋਂ ਕਰਨ ਲਈ, ਅਤੇ/ਜਾਂ ਇਸ ਤਹਿਤ ਡਿਜੀਟਲ ਟੀਵੀ ਰਿਸੀਵਰ ਦੀ ਜਾਂਚ ਅਤੇ ਰਿਲੀਜ਼, ਅਤੇ ਇਸ ਪ੍ਰੋਗਰਾਮ ਨਾਲ ਸਿੱਧੇ ਤੌਰ ਤੇ ਸੰਬੰਧਿਤ ਕਿਸੇ ਹੋਰ ਉਦੇਸ਼ਾਂ ਲਈ ਅਧਿਕਾਰਤ ਕਰਦਾ/ਕਰਦੀ ਹਾਂ ਅਤੇ ਸਹਿਮਤੀ ਦਿੰਦਾ/ਦਿੰਦੀ ਹਾਂ। ਮੈਂ ਸਰਕਾਰ ਦੇ ਸੰਬੰਧਿਤ ਵਿਭਾਗਾਂ ਅਤੇ ਸੰਬੰਧਿਤ ਕਿਸੇ ਵੀ ਹੋਰ ਧਿਰ ਨੂੰ ਲੋੜ ਅਨੁਸਾਰ ਡਾਟਾ ਦੇ ਖੁਲਾਸੇ ਲਈ ਸਹਿਮਤ ਹਾਂ ਜੇ ਅਜਿਹੇ ਨਿਰੀਖਣ ਅਤੇ/ਜਾਂ ਜਾਂਚ ਲਈ ਖੁਲਾਸਾ ਜ਼ਰੂਰੀ ਹੈ। ਮੈਂ ਐਚ.ਕੇ.ਸੀ.ਐੱਸ.ਐੱਸ. ਅਤੇ ਇਸਦੇ ਏਜੰਟ/ਠੇਕੇਦਾਰ ਨੂੰ ਬੇਨਤੀ ਦੀ ਪ੍ਰੋਸੈਸਿੰਗ ਸਮੇਂ ਸਰਕਾਰ ਦੇ ਸੰਬੰਧਿਤ ਵਿਭਾਗਾਂ ਤੋਂ ਲੁੜੀਂਦਾ ਡਾਟਾ ਪ੍ਰਾਪਤ ਕਰਨ ਲਈ ਵੀ ਸਹਿਮਤ ਹਾਂ।
9. ਮੈਂ ਇਸ ਪ੍ਰੋਗਰਾਮ ਦੇ ਅਧੀਨ ਬੇਨਤੀ ਦੀ ਪ੍ਰੋਸੈਸਿੰਗ ਕਰਨ ਅਤੇ ਜਾਂਚ ਕਰਨ ਲਈ ਅਤੇ ਇਸ ਤੋਂ ਬਾਅਦ ਇੱਕ ਡਿਜੀਟਲ ਟੀਵੀ ਰਿਸੀਵਰ ਜਾਰੀ ਕਰਨ ਲਈ ਐਚ.ਕੇ.ਸੀ.ਐੱਸ.ਐੱਸ. ਦੁਆਰਾ ਮੇਰੇ ਪਰਿਵਾਰ ਦੇ ਡੇਟਾ ਨੂੰ ਸਰਕਾਰ ਦੇ ਸੰਬੰਧਿਤ ਵਿਭਾਗਾਂ ਅਤੇ ਸੰਸਥਾਵਾਂ ਦੁਆਰਾ ਰੱਖੇ ਗਏ ਮੇਰੇ ਪਰਿਵਾਰ ਦੇ ਨਿੱਜੀ ਡਾਟਾ ਨਾਲ ਮੇਲ ਕਰਨ ਦੇਣ ਲਈ ਸਹਿਮਤ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਮੇਲ ਕਰਨ ਦੀ ਵਿਧੀ ਇਸ ਪ੍ਰੋਗਰਾਮ ਦੇ ਤਹਿਤ ਮੇਰੀ ਯੋਗਤਾ ਦਾ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ। **ਜੇ ਮੈਂ ਇੱਕ ਡਿਜੀਟਲ ਟੀਵੀ ਰਿਸੀਵਰ ਨੂੰ ਸਫਲਤਾਪੂਰਵਕ ਲਗਾਏ ਜਾਣ ਤੋਂ ਬਾਅਦ ਪ੍ਰੋਗਰਾਮ ਲਈ ਅਯੋਗ ਪਾਇਆ ਜਾਂਦਾ/ਜਾਂਦੀ ਹਾਂ ਤਾਂ ਐਚ.ਕੇ.ਸੀ.ਐੱਸ.ਐੱਸ. ਮੈਨੂੰ ਇਸ ਪ੍ਰੋਗਰਾਮ ਤਹਿਤ ਸੀ.ਸੀ.ਐਫ. ਦੁਆਰਾ ਡਿਜੀਟਲ ਟੀਵੀ ਰਿਸੀਵਰ ਦੇ ਪ੍ਰਬੰਧਨ ਅਤੇ ਹੋਰ ਸੰਬੰਧਿਤ ਸੇਵਾਵਾਂ ਵਿੱਚ ਸ਼ਾਮਿਲ ਰਕਮ ਦੇ ਬਰਾਬਰ ਸਬਸਿਡੀ ਰਕਮ ਦੀ ਅਦਾਇਗੀ ਲਈ ਬੇਨਤੀ ਕਰੇਗਾ ਅਤੇ ਇਸ ਦੇ ਲਈ ਐਚ.ਕੇ.ਸੀ.ਐੱਸ.ਐੱਸ. ਦੁਆਰਾ ਲਿਆ ਗਿਆ ਐਨਾਲਾਗ ਟੀਵੀ ਸੈੱਟ ਵਾਪਿਸ ਨਹੀਂ ਕੀਤਾ ਜਾਵੇਗਾ।**
10. ਮੈਂ ਸਮਝਦਾ/ਸਮਝਦੀ ਹਾਂ ਅਤੇ ਇਸ ਲਈ ਸਹਿਮਤ ਹਾਂ ਕਿ ਐਚ.ਕੇ.ਸੀ.ਐੱਸ.ਐੱਸ., ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀਆਂ ਸੰਸਥਾਵਾਂ ਅਤੇ ਸਰਕਾਰ ਦੇ ਸੰਬੰਧਿਤ ਵਿਭਾਗਾਂ ਅਤੇ ਸੰਸਥਾਵਾਂ ਨੂੰ ਮੇਰੀ ਬੇਨਤੀ ਦੀ ਪ੍ਰੋਸੈਸਿੰਗ ਕਰਨ ਦੇ ਸਮੇਂ ਜਾਂ ਡਿਜੀਟਲ ਟੀਵੀ ਰਿਸੀਵਰ ਦੇ ਜਾਰੀ ਹੋਣ ਤੋਂ ਬਾਅਦ, ਇਹ ਤਸਦੀਕ ਕਰਨ ਲਈ ਕਿ ਪ੍ਰਦਾਨ ਕੀਤੀ ਜਾਣਕਾਰੀ ਸਹੀ ਹੈ, ਵਿਆਪਕ ਬੇਤਰਤੀਬ ਜਾਂਚਾਂ ਕਰਨ ਦਾ ਅਧਿਕਾਰ ਹੈ। ਮੈਂ ਅਤੇ ਮੇਰੇ ਪਰਿਵਾਰ ਦਾ (ਦੇ) ਮੈਂਬਰ ਜਾਂਚ ਲਈ ਪੂਰੀ ਤਰ੍ਹਾਂ ਸਹਿਯੋਗ ਦੇਵਾਂਗੇ, ਜਿਸ ਵਿੱਚ ਆਮਦਨ ਦੀ ਵਿਸਥਾਰ ਜਾਣਕਾਰੀ ਅਤੇ ਕੋਈ ਹੋਰ ਜਾਣਕਾਰੀ ਪ੍ਰਦਾਨ ਕਰਨਾ ਸ਼ਾਮਲ ਹੈ। ਨਹੀਂ ਤਾਂ, ਜੇ ਪ੍ਰਦਾਨ ਕੀਤੀ ਜਾਣਕਾਰੀ ਦੀ ਤਸਦੀਕ ਨਹੀਂ ਕੀਤੀ ਜਾ ਸਕਦੀ ਹੈ ਤਾਂ ਐਚ.ਕੇ.ਸੀ.ਐੱਸ.ਐੱਸ. ਕੋਲ ਮੇਰੀ ਬੇਨਤੀ ਨੂੰ ਖਤਮ ਕਰਨ ਅਤੇ/ਜਾਂ **ਮੈਨੂੰ ਉਹ ਸਬਸਿਡੀ ਰਕਮ ਦਾ ਭੁਗਤਾਨ ਕਰਨ ਲਈ ਬੇਨਤੀ ਕਰਨ ਦਾ ਅਧਿਕਾਰ ਹੈ ਜੋ ਇਸ ਪ੍ਰੋਗਰਾਮ ਦੇ ਤਹਿਤ ਮੈਨੂੰ ਸੀ.ਸੀ.ਐਫ. ਦੁਆਰਾ ਡਿਜੀਟਲ ਟੀਵੀ ਰਿਸੀਵਰ ਅਤੇ ਹੋਰ ਸੰਬੰਧਿਤ ਸੇਵਾਵਾਂ ਦੇਣ ਲਈ ਹੋਏ ਖਰਚ ਦੇ ਬਰਾਬਰ ਹੈ।**
11. ਮੈਂ ਇਸ ਗੱਲ ਦੀ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਇਸ ਪ੍ਰੋਗਰਾਮ ਅਤੇ/ਜਾਂ ਇਸ ਅਧੀਨ ਜਾਂਚ ਦੇ ਤਹਿਤ ਬੇਨਤੀ ਦੀ ਪ੍ਰੋਸੈਸਿੰਗ ਅਤੇ ਨਿਰੀਖਣ ਵਿੱਚ ਸਹਾਇਤਾ ਲਈ ਮੇਰੇ ਪਰਿਵਾਰ ਦੇ ਮੈਂਬਰ (ਮੈਂਬਰਾਂ) ਦੇ ਨਿੱਜੀ ਅਤੇ ਸੰਬੰਧਿਤ ਡਾਟੇ ਨੂੰ ਐਚ.ਕੇ.ਸੀ.ਐੱਸ.ਐੱਸ. ਅਤੇ ਇਸਦੇ ਏਜੰਟ/ਠੇਕੇਦਾਰ, ਅਤੇ ਨਾਲ ਹੀ ਸੰਬੰਧਿਤ ਸਰਕਾਰੀ ਬਿਊਰੋ ਅਤੇ ਵਿਭਾਗਾਂ ਅਤੇ ਸੰਸਥਾਵਾਂ ਨੂੰ ਰਿਪੋਰਟ ਅਤੇ ਜਮ੍ਹਾਂ ਕਰਵਾਉਣ ਲਈ ਉਸ (ਉਹਨਾਂ) ਦੀ ਸਹਿਮਤੀ ਲੈ ਲਈ ਹੈ।

\# ਪ੍ਰੋਗਰਾਮ ਦੀਆਂ ਬੇਨਤੀਆਂ ਦੀ ਪ੍ਰੋਸੈਸਿੰਗ ਲਈ ਜ਼ਿੰਮੇਵਾਰ ਸਰਵਿਸ ਇ

ਇਸ ਬੇਨਤੀ ਫਾਰਮ 'ਤੇ ਬਿਨੈਕਾਰ ਦੁਆਰਾ ਵਿਅਕਤੀਗਤ ਤੌਰ 'ਤੇ ਦਸਤਖਤ ਕੀਤੇ ਅਤੇ ਮਿਤੀ ਲਿਖੀ ਜਾਣੀ ਚਾਹੀਦੀ ਹੈ।

___ਮੈਕ ਸਿਉ ਲਿੰਗ___ ਬਿਨੈਕਾਰ ਦਾ ਨਾਮ

___Ling___ ਬਿਨੈਕਾਰ ਦੇ ਦਸਤਖਤ

___20___(ਦਿਨ) ___2___(ਮਹੀਨਾ) ___2020___(ਸਾਲ) ਬੇਨਤੀ ਦੀ ਮਿਤੀ